# ਸਿਮਰਣੰ ਗੋਬਿੰਦ ਨਾਮੰ

**ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ॥**

**ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ ਭੇਟੰਤਿ ਦਰਸਨਹ॥੨੧॥**

ਇਹ, ਤਿੰਨ ਪਦੇ, ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੀ ਉਚਾਰਣ ਕੀਤੀ ਬਾਣੀ, 'ਗਾਥਾ' ਵਿਚੋਂ ਲਏ ਗਏ ਹਨ, ਜੋ, ਅੰਕ ੧੩੬੧ ਤੇ ਸੁਭਾਇਮਾਨ ਹਨ।

'ਗਾਥਾ' ਸ਼ਬਦ ਦਾ ਅਰਥ, ਉਸਤਤਿ ਹੈ, ਜਿਵੇਂ, 'ਗਾਥਾ' ਬਾਣੀ ਵਿਚ ਹੀ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਗਾਥਾ, ਪ੍ਰਭੂ ਦੀ ਸਿਫ਼ਤ ਸਲਾਹ ਦੀਆਂ ਸਾਖੀਆਂ ਦਾ ਕਾਵਿ ਰੂਪ ਵਿਚ ਗੁੰਦਣਾਂ ਹੈ, ਜਿਸ ਦੇ ਵਾਰ ਵਾਰ ਕਥਨ ਅਤੇ ਮੰਥਨ ਨਾਲ ਮਨੁਖ ਦੇ ਹੰਕਾਰ ਦਾ ਨਾਸ ਹੋ ਜਾਂਦਾ ਹੈ - 'ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ॥', ਪੰਨਾ ੧੩੬੦.

**ਗਾਥਾ**, ਇਕ ਪ੍ਰਾਚੀਨ ਭਾਖਾ ਵੀ ਹੈ, ਜਿਸ ਵਿਚ ਸੰਸਕ੍ਰਿਤ, ਪਾਲੀ ਅਤੇ ਕੁਝ ਹੋਰ ਬੋਲੀਆਂ ਦੇ ਸ਼ਬਦ ਮਿਲਦੇ ਹਨ। ਇਸ ਵਿਚ ਕਈ, ਬੁਧ ਧਰਮ ਦੇ ਗ੍ਰੰਥ ਵੀ ਮਿਲਦੇ ਹਨ। ਸਹਸਕ੍ਰਿਤੀ ਦੇ ਸਲੋਕਾਂ ਵਿਚ ਵੀ ਇਹ ਭਾਖਾ ਮਿਲਦੀ ਹੈ। ਈਰਾਨ (ਫ਼ਾਰਸ, Persia) ਦਾ ਇਹ ਇਕ ਅਤਿ ਪੁਰਾਤਨ ਧਰਮ ਹੈ। ਇਹ, ਵੈਦਿਕ ਧਰਮ ਦੇ ਸਮਾਨਾਂਤਰ ਚਲਿਆ ਸੀ, ਇਸ ਨੂੰ ਮਹਾਤਮਾ **ਜਰਤੁਸਤ** (Zarathushtra) ਨੇ ਚਲਾਇਆ ਸੀ ਤੇ ਇਸ ਨੂੰ ਜਰਤੁਸਤੀ ਮਤ, Zoroastrianism ਕਹਿੰਦੇ ਹਨ। ਇਹ ਇਕ ਈਸ਼ਵਰਵਾਦੀ, Monotheistic ਧਰਮ ਹੈ। ਇਸ ਵਿਚ ਪਰਮਾਤਮਾ ਨੂੰ '**ਅਹੂਰਾ ਮਜ਼ਦਾ**' ਕਿਹਾ ਗਿਆ। ਅਜ, ਇਸ ਨੂੰ ਪਾਰਸੀ ਮੱਤ ਆਖਦੇ ਹਨ ਕਿਉਂਕਿ ਇਸਲਾਮ ਦੇ ਪਰਸ਼ੀਆ ਤੇ ਕਬਜ਼ੇ ਦੌਰਾਨ/ਬਾਅਦ ਇਨ੍ਹਾਂ ਜਰਤੁਸਤੀ ਮੱਤ ਦੇ ਪੈਰੋਕਾਰਾਂ ਨੇ ਹਿੰਦੁਸਤਾਨ ਦੇ ਪਛਮੀ ਤੱਟ ਤੇ ਸ਼ਰਣ ਲਈ ਸੀ। ਫ਼ਾਰਸ ਤੋਂ ਆਉਣ ਕਾਰਨ ਇਹ ਪਾਰਸੀ ਅਖਵਾਏ। '**ਅਵੇਸਤਾ**' ਇਸ ਧਰਮ ਦਾ ਪਵਿਤਰ ਗ੍ਰੰਥ ਹੈ। ਇਸ ਧਰਮ ਦੀਆਂ ਅਤਿ ਪੁਰਾਤਨ ਲਿਖਤਾਂ '**ਗਾਥਾ**' ਕਹਾਉਂਦੀਆਂ ਹਨ। ਉਸ '**ਗਾਥਾ**' ਦੀ ਭਾਸ਼ਾ ਕਾਫ਼ੀ ਔਖੀ ਹੈ ਅਤੇ ਬਹੁਤ ਹੀ ਰਹੱਸਵਾਦੀ, Mystical ਹੈ। ਗਾਥਾ ਦੇ ਗੂੜ੍ਹ ਰਹੱਸ ਦੀ ਗਵਾਹੀ, ਸ੍ਰੀ ਗੁਰੂ ਅਰਜਨ ਸਾਹਿਬ ਵੀ, ਇਸੇ ਬਾਣੀ ਵਿਚ ਭਰਦੇ ਹਨ - 'ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ॥', ਪੰਨਾ ੧੩੬੦.

**ਅਰਥ** : ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਗੋਬਿੰਦ, ਪ੍ਰਭੂ ਦੇ ਨਾਮ ਦਾ ਸਿਮਰਣ ਕਰਣ ਦੇ ਨਾਲ ਸਾਰੀਆਂ ਦੀਆਂ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ।

ਪਾਤਸ਼ਾਹ ਉਪਦੇਸ਼ ਦਿੰਦੇ ਹਨ ਕਿ ਉਸ ਪ੍ਰਭੂ ਦਾ, ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ, ਨਾਮ, **ਵਾਹਗੁਰੂ ਵਾਹਗੁਰੂ...**, ਤੁਸੀਂ ਸਦਾ ਹੀ ਜਪੋ, ਜਿਸ ਦੇ ਸਿਮਰਣ ਦੇ ਨਾਲ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ ਅਤੇ ਪਿਤਰਾਂ ਦਾ ਵੀ ਉਧਾਰ ਹੋ ਜਾਂਦਾ ਹੈ - 'ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥ ਸੋ **ਹਰਿ ਹਰਿ** ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥', ਪੰਨਾ ੪੯੬. ਹੋਰ ਫ਼ੁਰਮਾਣ ਕਰਦੇ ਹਨ ਕਿ ਉਸ ਅੰਤਰਜਾਮੀ ਮਾਲਕ, ਪ੍ਰਭੂ ਦਾ ਸਿਮਰਣ ਕਰਣ ਨਾਲ ਸਾਰੀਆਂ ਕੁਲਾਂ ਤਰ ਜਾਂਦੀਆਂ ਹਨ - 'ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ॥', ਪੰਨਾ ੯੨੮.

- - ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਉਹ ਨਾਮ, ਸਾਧੂ ਜਨ ਦੀ

ਸੰਗਤਿ ਵਿਚੋਂ ਹੀ ਲਭਦਾ ਹੈ ਪਰ ਸਾਧੂ ਨਾਲ ਭੇਂਟ ਜਾਂ ਮਿਲਾਪ ਅਤੇ ਉਸ ਦਾ ਦਰਸ਼ਨ, ਵਡੇ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ।੨੧।

ਸ੍ਰੀ ਗੁਰੂ ਅਰਜਨ ਸਾਹਿਬ ਦਸਦੇ ਹਨ ਕਿ ਜੇ ਪ੍ਰਭੂ ਕਿਰਪਾ ਕਰ ਦਏ ਤਾਂ ਸਾਧੂ ਮਿਲਾ ਦਿੰਦਾ ਹੈ। ਪਰ ਨਾਮ ਦੀ ਪ੍ਰਾਪਤੀ ਸਾਧੂ ਦੀ ਸੰਗਤਿ ਕਰਦਿਆਂ ਹੀ ਪ੍ਰਾਪਤ ਹੁੰਦੀ ਹੈ - 'ਪ੍ਰਭੁ ਕ੍ਰਿਪਾਲੁ ਕਿਰਪਾ ਕਰੈ॥ ਨਾਮੁ ਨਾਨਕ ਸਾਧੂ ਸੰਗਿ ਮਿਲੈ॥', ਪੰਨਾ ੨੧੧.

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਕਿਸੇ ਵੀ ਸੰਤ, ਸਜਣ ਨਾਲ, ਜੋ ਮਨੁਖ ਨੂੰ, ਹਰੀ ਪ੍ਰਭੂ ਦੀ ਦਸ ਪਾਏ, ਵਡੇ ਭਾਗਾਂ ਨਾਲ ਮਿਲਾਪ ਹੁੰਦਾ ਹੈ - 'ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਦਸੈ ਜੀਉ॥', ਪੰਨਾ ੯੪. ਹੋਰ ਫ਼ੁਰਮਾਣ ਕਰਦੇ ਹਨ ਕਿ ਵਡੇ ਭਾਗਾਂ ਨਾਲ ਪ੍ਰਭੂ ਨੇ, ਮੈਨੂੰ ਸੰਤ ਮਿਲਾਇਆ ਹੈ - 'ਵਡਭਾਗੀ ਹਰਿ ਸੰਤੁ ਮਿਲਾਇਆ॥', ਪੰਨਾ ੯੫.

**ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣਃ॥**

**ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਣਃ॥੨੨॥**

**ਅਰਥ** : ਸਾਧੂ ਨੇ ਸਾਰੇ ਦੋਖਾਂ ਦਾ ਤਿਆਗ ਕੀਤਾ ਹੁੰਦਾ ਹੈ ਅਤੇ ਅਸਲ ਧਰਮ ਨੂੰ, ਸਮੁਚੇ ਤੌਰ ਤੇ ਆਪਣੇ ਹਿਰਦੇ ਅੰਦਰ ਦ੍ਰਿੜ ਕੀਤਾ ਹੁੰਦਾ ਹੈ।

ਚੌਥੇ ਪਾਤਸ਼ਾਹ ਦੇ ਬਚਨ ਹਨ ਕਿ ਸਤਿਗੁਰੂ ਪੁਰਖੁ ਉਹ ਹੈ, ਜੋ ਪ੍ਰਭੂ ਦਾ ਸਿਮਰਣ ਕਰਦਾ ਹੈ, ਭਾਵੇਂ, ਪ੍ਰਭੂ ਤੇ ਸਤਿਗੁਰੂ ਇਕੋ ਹੀ ਹਨ ਅਤੇ ਜਿਸ ਨੇ ਪੰਜਾਂ ਵਿਕਾਰਾਂ ਨੂੰ ਵਸ ਵਿਚ ਕਰ ਕੇ, ਛਿਕੇ ਟੰਗਿਆ ਹੋਇਆ ਹੈ - 'ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥ ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥', ਅੰਕ ੩੦੪.

ਪੰਚਮ ਪਾਤਸ਼ਾਹ, ਸੁਖਮਨੀ ਸਾਹਿਬ ਵਿਚ ਫ਼ੁਰਮਾਉਂਦੇ ਹਨ ਕਿ ਜੋ ਸਾਧੂ ਦੀ ਸੰਗਤਿ ਕਰ ਲੈਂਦੇ ਹਨ, ਉਨ੍ਹਾਂ ਦੇ ਵੀ ਕਰੋੜਾਂ ਪਾਪ ਮਿਟ ਜਾਂਦੇ ਹਨ, ਜਿਸ ਕਰਕੇ ਉਹ ਜਮਾਂ ਦੀ ਫ਼ਾਹੀ ਤੋਂ ਬਚ ਜਾਂਦੇ ਹਨ - 'ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ॥'

- - ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਸਾਧੂ ਜਨ ਦੀ ਸੰਗਤਿ ਉਨ੍ਹਾਂ ਨੂੰ ਲਭਦੀ ਹੈ, ਜਿਨ੍ਹਾਂ ਦੇ ਮਸਤਕ ਤੇ ਧੁਰ ਤੋਂ ਲੇਖ ਲਿਖੇ ਹੁੰਦੇ ਹਨ।

ਚੌਥੇ ਪਾਤਸ਼ਾਹ ਦੇ ਬਚਨ ਹਨ ਕਿ ਜਿਸ ਦੇ ਮਥੇ ਤੇ ਲੇਖ ਲਿਖੇ ਹੁੰਦੇ ਹਨ, ਉਸੇ ਨੂੰ ਗੁਰੂ ਸਾਧੂ ਮਿਲਦਾ ਹੈ ਅਤੇ ਉਸ ਦੇ ਬਚਨਾਂ ਨਾਲ ਮਨ ਤਨ, ਪ੍ਰਭੂ ਦੇ ਨਾਮ ਨਾਲ ਰੰਗਿਆ ਜਾਂਦਾ ਹੈ - 'ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ॥', ਪੰਨਾ ੯੮੪.

ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤ ਉਨ੍ਹਾਂ ਨੂੰ ਹੀ ਮਿਲਦੀ ਹੈ ਜਿਨ੍ਹਾਂ ਤੇ ਵਾਹਗੁਰੂ ਕਿਰਪਾ ਕਰਦਾ ਹੈ - 'ਕਿਰਪਾ ਕਰੇ ਜਿਸ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥', ਪੰਨਾ ੭੧. ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਉਨ੍ਹਾਂ ਨੂੰ ਮਿਲਦੀ ਹੈ ਜਿਨ੍ਹਾਂ ਦੇ ਮਸਤਕ ਤੇ, ਪਰਮੇਸ਼ਰ, ਧੁਰ ਤੋਂ ਹੀ ਲੇਖ ਪਾ ਦਿੰਦਾ ਹੈ - 'ਜਾ ਕੈ ਮਸਤਕਿ ਕਰਮ ਪ੍ਰਭਿ ਪਾਏ॥ ਸਾਧ ਸਰਣਿ ਨਾਨਕ ਤੇ ਆਏ॥'

**ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ॥**

**ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ॥੨੩॥**

**ਅਰਥ** : ਪਰਮਾਤਮਾ, ਪਹਿਲਾਂ ਵੀ ਹੈ ਸੀ, ਹੁਣ ਵੀ ਹੈ ਅਤੇ ਭਵਿਖ ਵਿਚ ਵੀ ਹੋਏਗਾ। ਉਹ, ਆਪਣੇ ਆਪ ਵਿਚ ਸੰਪੂਰਣ ਹੈ, ਸਭ ਨੂੰ ਪਾਲਦਾ ਵੀ ਹੈ ਅਤੇ ਸਭ ਦਾ ਨਾਸ ਵੀ ਕਰਦਾ ਹੈ।

**(ਨੋਟ: ਸ਼ਬਦ 'ਸੰਪੂਰਣਃ' ਦੇ ਅਖੀਰ ਤੇ ਆਈਆਂ ਦੋ ਬਿੰਦੀਆਂ ਨੂੰ ਵਿਸਰਗ ਕਿਹਾ ਜਾਂਦਾ ਹੈ। ਇਨ੍ਹਾਂ ਦਾ ਉਚਾਰਣ ਅੱਧੇ 'ਹ' ਜਿਨਾਂ ਹੁੰਦਾ ਹੈ।)**

ਸ੍ਰੀ ਗੁਰੂ ਨਾਨਕ ਸਾਹਿਬ 'ਜਪੁ' ਬਾਣੀ ਦੇ ਪਹਿਲੇ ਸਲੋਕ ਵਿਚ ਵੀ ਇਹੀ ਫ਼ੁਰਮਾਣ ਕਰਦੇ ਹਨ - 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਸ੍ਰੀ ਗੁਰੂ ਅਰਜਨ ਸਾਹਿਬ ਪਾਤਸ਼ਾਹ ਨੇ, ਪੰਨਾ ੭੨੪ ਤੇ ਵੀ ਅਜਿਹਾ ਹੀ ਫ਼ੁਰਮਾਣ ਕੀਤਾ ਹੈ ਕਿ ਤੂੰ ਹੁਣ ਤਕ ਵੀ ਹੈ ਸੀ, ਹੁਣ ਵੀ ਹੈਂ ਅਤੇ ਤੂੰ ਸਦਾ ਹੀ ਹੋਏਂਗਾ - 'ਹੈ ਤੂਹੈ ਤੂ ਹੋਵਨਹਾਰ॥'

-- ਸਾਧੂ ਜਨਾਂ ਨੂੰ ਅਤਿਅੰਤ ਉਤਮ ਜਾਣੋ, ਜੋ, ਮਨੁਖ ਦੇ ਹਿਰਦੇ ਵਿਚ ਪ੍ਰਭੂ ਲਈ ਪ੍ਰੇਮ ਪੈਦਾ ਕਰਣ ਦਾ ਕਾਰਣ ਹਨ, ਭਾਵ, ਪ੍ਰਭੂ ਲਈ ਪ੍ਰੀਤੀ, ਸਾਧੂ ਦੀ ਕਿਰਪਾ ਨਾਲ ਹੀ ਪੈਦਾ ਹੁੰਦੀ ਹੈ।

ਪੰਚਮ ਪਾਤਸ਼ਾਹ ਦਾ, ਪੰਨਾ ੭੧ ਤੇ ਬਹੁਤ ਸਪੱਸ਼ਟ ਸੰਦੇਸ਼ ਹੈ ਕਿ, ਸਾਧੂ ਦਾ ਮਿਲਾਪ, ਪ੍ਰਭੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ। ਜਿਉਂ ਜਿਉਂ ਸਾਧੂ ਦੀ ਸੰਗਤਿ ਵਧਾਂਦੇ ਜਾਈਏ, ਹਰੀ ਦੇ ਨਾਲ ਪ੍ਰੀਤੀ ਦਾ ਰੰਗ ਵਧਦਾ ਜਾਂਦਾ ਹੈ - 'ਕਿਰਪਾ ਕਰੇ ਜਿਸ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥' ਸੁਖਮਨੀ ਸਾਹਿਬ ਵਿਚ ਫ਼ੁਰਮਾਣ ਹੈ ਕਿ ਸਾਧੂ ਦੇ ਬਚਨ, ਸਭ ਤੋਂ ਅਮੋਲਕ ਸਲੋਕ ਹਨ, ਜੋ ਅਸਲ ਬਹੁਮੁਲੇ ਹੀਰੇ, ਲਾਲ, ਰਤਨ ਹਨ, ਜਿਨ੍ਹਾਂ ਨੂੰ ਸੁਣਨ ਅਤੇ ਕਮਾਉਣ ਨਾਲ ਮਨੁਖ ਦਾ ਉਧਾਰ ਹੋ ਜਾਂਦਾ ਹੈ, ਜੀਵਨ, ਉਨ੍ਹਾਂ ਦੀ ਸੰਗਤਿ ਨਾਲ ਸਫ਼ਲਾ ਹੋ ਜਾਂਦਾ ਹੈ - 'ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥ ਸੁਨਤ ਕਮਾਵਤ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥ ਸਫਲ ਜੀਵਨੁ ਸਫਲੁ ਤਾ ਕਾ ਸੰਗੁ॥..'

